British Columbia
Ministry of Finance

# ਸੰਤੁਲਤ ਬੱਜਟ 2005
# ਮੁੱਖ ਗੱਲਾਂ

**ਸੰਤੁਲਤ ਬੱਜਟ ਵਿਖਾਉਂਦਾ ਹੈ ਕਿ ਇਕ ਸੂਬੇ ਵਜੋਂ ਤੇ ਲੋਕਾਂ ਵਜੋਂ ਅਸੀਂ ਕੀ ਪ੍ਰਾਪਤੀਆਂ ਕਰ ਸਕਦੇ ਹਾਂ– ਅਤੇ ਇਹ ਤਰੱਕੀ, ਭਰੋਸੇ ਅਤੇ ਖੁਸ਼ਹਾਲੀ ਦੇ ਭਵਿੱਖ ਵਾਲੇ ਰਸਤੇ ਵੱਲ ਇਸ਼ਾਰਾ ਕਰਦਾ ਹੈ।**

ਸਿਰਫ ਤਿੰਨ ਸਾਲਾਂ 'ਚ ਇਕ ਸੂਬੇ ਦੇ ਤੌਰ 'ਤੇ ਅਸੀਂ ਆਪਣੀ ਆਰਥਿਕਤਾ ਦੀ ਪੁਨਰ-ਉਸਾਰੀ ਕੀਤੀ ਹੈ, ਆਪਣੇ ਉਦਯੋਗਾਂ ਨੂੰ ਪੁਨਰ-ਸੁਰਜੀਤ ਕੀਤਾ ਹੈ ਅਤੇ ਰਾਸ਼ਟਰੀ ਅਗਵਾਈ ਦੇ ਆਪਣੇ ਰੋਲ ਨੂੰ ਮੁੜ ਪ੍ਰਾਪਤ ਕੀਤਾ ਹੈ। ਅਸੀਂ ਉਪਨਿਵੇਸ਼ ਨੂੰ ਵਾਪਸ ਲਿਆਂਦਾ ਹੈ, ਲੱਖਾਂ ਨੌਕਰੀਆਂ ਪੈਦਾ ਕੀਤੀਆਂ ਹਨ, ਆਪਣੀਆਂ ਕਮਿਊਨਿਟੀਆਂ ਨੂੰ ਤਕੜਿਆਂ ਕੀਤਾ ਅਤੇ–2010 'ਚ ਦੁਨੀਆਂ ਦੇ ਸਭ ਤੋਂ ਵੱਧ ਮਾਣ ਵਾਲੇ ਸੱਭਿਆਚਾਰਕ ਤੇ ਖੇਡ ਪ੍ਰੋਗਰਾਮ ਦੇ ਮੇਜ਼ਬਾਨ ਹੋਣ ਦਾ ਹੱਕ ਜਿੱਤਿਆ ਹੈ।

ਸਾਡਾ ਸੂਬਾ ਇਕ ਸੁਨਹਿਰੀ ਦਹਾਕੇ ਵੱਲ ਵੱਧ ਰਿਹਾ ਹੈ। ਸੰਤੁਲਤ ਬੱਜਟ 2005 ਸਾਰੇ ਬ੍ਰਿਟਿਸ਼ ਕੁਲੰਬੀਆ ਨਿਵਾਸੀਆਂ ਨੂੰ ਅੱਗੇ ਆਉਣ ਵਾਲੇ ਮੌਕਿਆਂ 'ਚ ਹਿੱਸੇਦਾਰ ਬਣਨ ਨੂੰ ਯਕੀਨੀ ਬਣਾਏਗਾ, ਜੋ ਹਨ:

- ਆਪਣੇ ਵਾਤਾਵਰਣ ਅਤੇ ਆਪਣੀਆਂ ਕਮਿਊਨਿਟੀਆਂ 'ਚ ਲੰਮੇਰੀ ਮਿਆਦ ਦੇ ਉਪਨਿਵੇਸ਼;
- ਆਰਥਿਕਤਾ ਨੂੰ ਤਕੜਿਆਂ ਕਰਨ ਲਈ ਨਵੇਂ ਢੰਗ ਤਰੀਕੇ;
- ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚਿਆਂ ਅਤੇ ਅਪਾਹਜ ਲੋਕਾਂ ਵਾਸਤੇ ਨਵੀਂ ਸਹਾਇਤਾ;
- ਹਜ਼ਾਰਾਂ ਨਵੀਆਂ ਪੋਸਟ-ਸੈਕੰਡਰੀ ਅਸਾਮੀਆਂ;
- ਸਿਹਤ-ਸੰਭਾਲ ਅਤੇ ਸਿੱਖਿਆ ਲਈ ਹਮੇਸ਼ਾਂ ਨਾਲੋਂ ਵਧੇਰੇ ਬੱਜਟ
- ਸੂਬੇ ਦੇ ਕਰਜ਼ੇ 'ਚ ਕਿਸੇ ਵੀ ਹੋਰ ਸਮੇਂ ਨਾਲੋਂ ਵਧੇਰੇ ਕਟੌਤੀ; ਅਤੇ
- ਤਿੰਨ ਸਾਲਾਂ ਦੌਰਾਨ ਇਨਕਮ ਟੈਕਸ ਅਤੇ ਐਮ ਐਸ ਪੀ ਪ੍ਰੀਮੀਅਮ 'ਚ ਤਬਦੀਲੀਆਂ, ਜਿਨ੍ਹਾਂ ਨਾਲ 480 ਮਿਲੀਅਨ ਡਾਲਰ ਉਨ੍ਹਾਂ ਲੋਕਾਂ ਦੀਆਂ ਜੇਬਾਂ 'ਚ ਰਹਿਣਗੇ ਜਿਹੜੇ ਬਹੁਤ ਜ਼ਰੂਰਤਮੰਦ ਹਨ।

## ਚਣੌਤੀ

**1990 ਵੇਂ ਸਾਲ**

- ਮਾੜੀ ਕਾਰਗੁਜ਼ਾਰੀ ਵਾਲੀ ਆਰਥਿਕਤਾ
- ਨੌਕਰੀਆਂ ਦੇ ਵਾਧੇ 'ਚ ਬੀ ਸੀ 9ਵੇਂ ਥਾਂ ਸੀ
- ਵਿਅਕਤੀ ਅਤੇ ਪਰਿਵਾਰ ਬੀ ਸੀ ਛੱਡ ਰਹੇ ਸਨ
- ਘਰ ਬਣਾਉਣੇ ਸ਼ੁਰੂ ਕਰਨ 'ਚ ਪ੍ਰਤਿ ਸਾਲ 15.4% ਦੀ ਗਿਰਾਵਟ
- "ਸਰਕਾਰ ਬੁਨਿਆਦੀ ਤੌਰ 'ਤੇ ਜ਼ਰਜ਼ਰ ਢੰਗ ਨਾਲ ਚੱਲ ਰਹੀ ਹੈ"– ਫਿਸਕਲ ਰੀਵਿਊ ਪੈਨਲ, ਜੁਲਾਈ 2001

## ਅਸੀਂ ਇਕ ਯੋਜਨਾ ਦੁਆਰਾ ਜਵਾਬ ਦਿੱਤਾ

- ਸਿਹਤ ਸੰਭਾਲ ਅਤੇ ਸਿੱਖਿਆ ਲਈ ਫੰਡਿੰਗ ਸੁਰੱਖਿਅਤ ਰੱਖਦਿਆਂ ਹੋਇਆਂ ਮਜ਼ਬੂਤ ਫਿਸਕਲ ਮੈਨੇਜਮੈਂਟ ਪੁਨਰ-ਸਥਾਪਤ ਕੀਤੀ
- ਆਰਥਿਕਤਾ ਨੂੰ ਪੁਨਰ-ਸੁਰਜੀਤ ਕੀਤਾ

## ਯੋਜਨਾ ਕੰਮ ਕਰ ਰਹੀ ਹੈ

- ਬੀ ਸੀ ਇਕ ਆਰਥਿਕ ਲੀਡਰ ਹੈ
- 2001 ਤੋਂ ਨੌਕਰੀਆਂ ਦੇ ਵਾਧੇ 'ਚ ਪਹਿਲੇ ਨੰਬਰ 'ਤੇ
- ਲੋਕ ਬੀ ਸੀ 'ਚ ਆ ਰਹੇ ਹਨ
- 2004 'ਚ ਘਰ ਬਣਾਉਣੇ ਸ਼ੁਰੂ ਕਰਨ ਦੇ ਵਾਧੇ 'ਚ ਪਹਿਲੇ ਨੰਬਰ 'ਤੇ
- ਸੰਤੁਲਤ ਬੱਜਟ: ਲਗਾਤਾਰ ਦੂਜਾ ਸਾਲ ਅਤੇ ਕਰਜ਼ਾ ਘਟਾਉਣ 'ਚ ਰਿਕਾਰਡ
- ਸਿਹਤ ਅਤੇ ਸਿੱਖਿਆ 'ਤੇ ਖਰਚਾ ਸੁਰੱਖਿਅਤ ਅਤੇ ਇਸ 'ਚ 2000/01 ਤੋਂ 5.8 ਮਿਲੀਅਨ ਡਾਲਰ ਦਾ ਵਾਧਾ।

# ਇੱਕ ਸੁਨਹਿਰੀ ਦਹਾਕੇ ਲਈ ਮਹਾਨ ਨਿਸ਼ਾਨੇ

## 1 ਸੰਤੁਲਤ ਬੱਜਟ 2005: ਉੱਤਮ ਹਵਾ ਅਤੇ ਪਾਣੀ ਦੀ ਉੱਤਮ ਕੁਆਲਿਟੀ ਸਹਿਤ ਨਿਭਣਯੋਗ ਵਾਤਾਵਰਣਕ ਬੰਦੋਬਸਤ ਅਤੇ ਉੱਤਮ ਫਿਸ਼ਰੀ ਬੰਦੋਬਸਤ ’ਚ ਦੁਨੀਆਂ ਦੀ ਅਗਵਾਈ ਕਰਨਾ

**ਸਿਹਤਮੰਦ ਜੀਵਨ ਜਾਚ ਲਈ ਸਿਹਤਮੰਦ ਵਾਤਾਵਰਣ ਜ਼ਰੂਰੀ ਹੈ। ਸੰਤੁਲਤ ਬੱਜਟ 2005, ਸਾਡੇ ਹੈਰਾਨਕੁੰਨ ਪ੍ਰਾਕਿਰਤਕ ਆਲੇ-ਦੁਆਲੇ ਨੂੰ ਬਣਾਈ ਰੱਖਣ ਲਈ ਤੇ ਸੁਰੱਖਿਅਤ ਰੱਖਣ ਲਈ, ਜਿਹੜਾ ਦੁਨੀਆਂ ਸਾਹਮਣੇ ਸਾਡੇ ਸੂਬੇ ਨੂੰ ਪ੍ਰਭਾਸ਼ਤ ਕਰਦਾ ਹੈ, 150 ਮਿਲੀਅਨ ਡਾਲਰਾਂ ਦੀ ਵਾਧੂ ਰਕਮ ਮੁਹੱਈਆ ਕਰਦਾ ਹੈ।**

ਇਨ੍ਹਾਂ ਆਰੰਭਿਕ ਕਾਰਜਾਂ ’ਚ ਸ਼ਾਮਲ ਹੈ:

- ਸਰਕਾਰੀ ਜ਼ਮੀਨ ਉਪਰਲੀਆਂ ਪ੍ਰਦੂਸ਼ਤ ਥਾਵਾਂ ਨੂੰ ਠੀਕ ਕਰਨ ਲਈ 91 ਮਿਲੀਅਨ ਡਾਲਰ;
- ਇਨਵਾਇਰਮੈਂਟਲ ਅਸੈੱਸਮੈਂਟ ਆਫਿਸ ਦੀ ਸਮਰੱਥਾ ’ਚ ਵਾਧੇ ਲਈ 5 ਮਿਲੀਅਨ ਡਾਲਰ;
- 150 ਮੈਂਬਰਾਂ ਤੱਕ ਦੀ ਬੀ. ਸੀ. ਕੰਜ਼ਰਵੇਸ਼ਨ ਕਾਰਪਸ ਸਥਾਪਤ ਕਰਨ ਅਤੇ 50 ਤੱਕ ਨਵੇਂ ਪਾਰਕ ਰੇਂਜਰ ਤੇ ਕੰਜ਼ਰਵੇਸ਼ਨ ਅਫਸਰਾਂ ਦੇ ਵਾਧੇ ਲਈ 16 ਮਿਲੀਅਨ ਡਾਲਰ;
- ਜ਼ਮੀਨ-ਵਰਤੋਂ ਦੀਆਂ ਯੋਜਨਾ ਕਾਰਵਾਈਆਂ ਦੀ ਸਹਾਇਤਾ ਲਈ 30 ਮਿਲੀਅਨ ਡਾਲਰ; ਅਤੇ
- ਡਰਿੰਕਿੰਗ ਵਾਟਰ ਪ੍ਰੋਟੈਕਸ਼ਨ ਐਕਟ ਲਾਗੂ ਕਰਨ ਲਈ 8 ਮਿਲੀਅਨ ਡਾਲਰ।

ਸੰਤੁਲਤ ਬੱਜਟ 2005, ਫਿਸ਼ਰੀਜ਼ ਦੇ ਮੁਆਇਨੇ ਤੇ ਦੇਖਰੇਖ ਅਤੇ ਪਾਣੀ ’ਚ ਰਹਿਣ ਵਾਲੇ ਜਾਨਵਰਾਂ ਦੀ ਸਿਹਤ ’ਚ ਸੁਧਾਰਾਂ ਵਾਸਤੇ 6 ਮਿਲੀਅਨ ਡਾਲਰ ਰੱਖਦਿਆਂ ਹੋਇਆਂ ਐਕੁਐਕਟਿਕ ਹੈਬੀਟੈਟਸ ਦੀ ਚੰਗੇਰੀ ਸੁਰੱਖਿਆ ਦਾ ਵੀ ਸਹਾਇਕ ਹੈ।


ਬਿਟ੍ਰਿਸ ਕੁਲੰਬੀਆ ਨਿਵਾਸੀ, 80 ਮਿਲੀਅਨ ਡਾਲਰਾਂ ਵਾਲੇ ਨਵੇਂ ਬੀ. ਸੀ. ਕਮਿਊਨਿਟੀ ਵਾਟਰ ਇੰਪਰੂਵਮੈਂਟ ਪ੍ਰੋਗਰਾਮ ਦੀ ਸਿਰਜਣਾ ਨਾਲ ਸੁਰੱਖਿਅਤ, ਭਰੋਸੇਮੰਦ ਤੇ ਪਹੁੰਚਯੋਗ ਪੀਣ ਵਾਲੇ ਪਾਣੀ ਤੇ ਸੁਧਰੇ ਹੋਏ ਵੇਸਟ ਵਾਟਰ ਸਿਸਟਮ ਤੋਂ ਲਾਭ ਉਠਾਉਣਗੇ।

### ਗਰੀਨਹਾਊਸ ਗੈਸ ਐਮੀਸ਼ਨ ਨੂੰ ਘਟਾਉਣ ਲਈ ਟੈਕਸ ਤਬਦੀਲੀਆਂ

ਸੰਤੁਲਤ ਬੱਜਟ 2005 ਸਾਫ ਤੇ ਬਦਲਵੇਂ ਊਰਜਾ ਸੋਮਿਆਂ ਦੇ ਵਿਕਾਸ ਤੇ ਵਰਤੋਂ ਨੂੰ ਮਿਥੀਆਂ ਟੈਕਸ ਤਬਦੀਲੀਆਂ ਦੁਆਰਾ ਉਤਸ਼ਾਹਿਤ ਕਰਦਾ ਹੈ, ਜਿੰਨ੍ਹਾਂ ’ਚ ਸ਼ਾਮਲ ਹੈ:

- ਬਦਲਵੇਂ ਫਿਊਲ ਵਾਹਨਾਂ ਲਈ ਸੂਬਾਈ ਸੇਲਜ਼ ਟੈਕਸ (ਪੀ ਐਸ ਟੀ) ’ਚ ਵਧੇਰੇ ਛੋਟ ਜਿਨ੍ਹਾਂ ’ਚ ਸ਼ਾਮਲ ਹੈ ਹਾਈਬਰਿਡ ਇਲੈਕਟ੍ਰਿਕ ਪਸੈਂਜਰ ਵਾਹਨਾਂ ਲਈ (ਮਾਰਚ 31,2008 ਤੱਕ) ਸੂਬਾਈ ਸੇਲਜ਼ ਟੈਕਸ ’ਚ ਵੱਧ ਤੋਂ ਵੱਧ 2,000 ਡਾਲਰ ਤੱਕ ਦੀ ਛੋਟ ਦੇਣਾ;
- ਉੱਚ ਊਰਜਾ ਬੱਚਤ ਅਤੇ ਰਿਹਾਇਸ਼ੀ ਹੀਟਿੰਗ ਇਕੁਪਮੈਂਟ ਲਈ ਇਕ ਦੋ-ਸਾਲਾ ਪੀ ਐਸ ਟੀ ਛੋਟ; ਅਤੇ
- ਯੋਗ ਹਾਈਡਰੋਇਲੈਕਟ੍ਰਿਕ, ਪ੍ਰਾਜੈਕਟਾਂ ਲਈ ਸੂਬਾਈ ਪ੍ਰਾਪਰਟੀ (ਸਕੂਲ) ਟੈਕਸ ਤੋਂ ਕੁਝ ਛੋਟ।

BC a leader in job growth since 2001




Source: Statistics Canada January 26, 2005; annual average numbers are unadjusted.

ਦਸੰਬਰ 2001 ਤੋਂ ਲੈ ਕੇ ਸੂਬੇ ਨੇ 197,500 ਨਵੀਆਂ ਨੌਕਰੀਆਂ ਪੈਦਾ ਕੀਤੀਆਂ ਅਤੇ ਨੌਕਰੀਆਂ ’ਚ 10% ਤੋਂ ਵਧੇਰੇ ਵਾਧਾ ਹੋਇਆ ਹੈ ਜਿਹੜਾ ਸੂਬਿਆਂ ਤੋਂ ਸਭ ਤੋਂ ਤੇਜ਼ ਵਾਧਾ ਹੈ।


## 2 ਸੰਤੁਲਤ ਬੱਜਟ 2005: ਇਸ ਮਹਾਂਦੀਪ ਉਪਰ ਬੀ. ਸੀ. ਨੂੰ ਸਭ ਤੋਂ ਵੱਧ ਸਿੱਖਿਅਤ ਤੇ ਸਭ ਤੋਂ ਵੱਧ ਪੜ੍ਹਿਆ ਲਿਖਿਆ ਬਣਾਉਣ ਵਾਸਤੇ

**ਸੰਤੁਲਤ ਬੱਜਟ 2005, ਬਿਟ੍ਰਿਸ਼ ਕੁਲੰਬੀਆ ਦੇ ਇਤਿਹਾਸ ’ਚ ਸਿੱਖਿਆ ਵਾਸਤੇ ਸਭ ਕੁਝ ਤੋਂ ਵੱਧ ਬੱਜਟ ਅਤੇ ਪ੍ਰਤਿ-ਵਿਦਿਆਰਥੀ ਫੰਡਿੰਗ ’ਚ ਸਭ ਤੋਂ ਉਪਰ ਹੋਣ ਦੀ ਹਮਾਇਤ ਕਰਦਾ ਹੈ।**


ਕਿਸੇ ਵੀ ਸਮੇਂ ਨਾਲੋਂ ਵਧੇਰੇ ਵਿਦਿਆਰਥੀ ਹਾਈ ਸਕੂਲ ਦੀ ਪੜ੍ਹਾਈ ਪੂਰੀ ਕਰ ਰਹੇ ਹਨ, ਅਤੇ ਇਥੋਂ ਤੱਕ ਕਿ ਉਹ ਪੜ੍ਹਨ, ਲਿਖਣ ਤੇ ਗਣਿਤ ’ਚ ਸਭ ਤੋਂ ਵਧੀਆ ਨੰਬਰ ਲੈ ਰਹੇ ਹਨ। ਜਦੋਂ ਵਿਦਿਆਰਥੀ ਗਰੈਜੂਏਟ ਹੁੰਦੇ ਹਨ, ਤਾਂ ਉਨ੍ਹਾਂ ਨੂੰ ਬਹੁਤ ਸਾਰੇ ਮੌਕੇ ਪ੍ਰਾਪਤ ਹੋਣਗੇ ਕਿਉਂਕਿ ਸੂਬੇ ਨੇ ਪਿਛਲੇ 40 ਸਾਲਾਂ ’ਚੋਂ ਪੋਸਟ ਸੈਕੰਡਰੀ ਸਿੱਖਿਆ ਦਾ ਸਭ ਤੋਂ ਵੱਡਾ ਪਾਸਾਰ ਕੀਤਾ ਹੈ।

ਸਿੱਖਿਆ ਉਪਰ ਕੁੱਲ ਖਰਚਾ, ਸਮੇਤ ਕਿੰਡਰਗਾਰਟਨ-12, ਐਡਵਾਂਸ ਐਜੂਕੇਸ਼ਨ ਅਤੇ ਸਕਿੱਲ ਟ੍ਰੇਨਿੰਗ, ਹਰੇਕ ਸਾਲ ਵਧਦਾ ਹੈ ਅਤੇ ਇਹ 2007/08 ਤੱਕ 9.8 ਬਿਲੀਅਨ ਡਾਲਰ ਨੂੰ ਪਹੁੰਚ ਜਾਵੇਗਾ। ਇਹ 2000/01 ਤੋਂ ਲੈ ਕੇ 2 ਬਿਲੀਅਨ ਡਾਲਰ ਸਲਾਨਾ ਖਰਚੇ ਦੇ ਵਾਧੇ ਨੂੰ ਦਰਸਾਉਂਦਾ ਹੈ।

$2.0 Billion Increase in Education Funding Since 2000/01




Student Enrolment and Per Pupil Funding (Public Schools)




### ਸਿੱਖਿਆ

ਸੰਤੁਲਤ ਬੱਜਟ 2005, ਸਿੱਖਿਆ ਮੰਤਰਾਲੇ ਨੂੰ 622 ਮਿਲੀਅਨ ਡਾਲਰ ਵਧੀਕ ਮੁਹੱਈਆ ਕਰਵਾਉਂਦਾ ਹੈ ਜਿਸ ਨਾਲ ਸਕੂਲ ਜ਼ਿਲ੍ਹਿਆਂ ਨੂੰ 2005/06 ਦੇ ਸਕੂਲੀ ਵਰ੍ਹੇ ਲਈ 150 ਮਿਲੀਅਨ ਡਾਲਰ ਦੀ ਵਧੇਰੇ ਫੰਡਿੰਗ ਮਿਲੇਗੀ- ਜਿਹੜੀ ਦਹਾਕੇ ’ਚ ਫੰਡਿੰਗ ’ਚ ਇੱਕੋ ਸਮੇਂ ਕੀਤਾ ਸਭ ਤੋਂ ਵੱਡਾ ਵਾਧਾ ਹੋਵੇਗੀ। ਇਸ ਫੰਡਿੰਗ ਨਾਲ ਸੁਧਾਰ ਹੋਵੇਗਾ:

- ਸਕੂਲ ਲਾਇਬਰੇਰੀਆਂ ਅਤੇ ਵਧੀਆ ਸਿੱਖਣ ਸੋਮਿਆਂ ਤੱਕ ਪਹੁੰਚ ਵਿਚ;
- ਸੰਗੀਤ ਤੇ ਕਲਾ ਪ੍ਰੋਗਰਾਮਾਂ ’ਚ;
- ਵਿਸ਼ੇਸ਼ ਜ਼ਰੂਰਤਾਂ ਵਾਲੇ ਹਰੇਕ ਵਿਦਿਆਰਥੀ ਦੀ ਸਹਾਇਤਾ ਲਈ ਸਰੋਤਾਂ ’ਚ; ਅਤੇ
- ਇੱਕ ਨਵੇਂ ਸਕੂਲ-ਆਧਾਰਿਤ ਲਿਟਰੇਸੀ-ਇੰਨੋਵੇਸ਼ਨ ਪ੍ਰੋਗਰਾਮ ’ਚ।

### ਪੋਸਟ-ਸੈਕੰਡਰੀ ਸਿੱਖਿਆ

ਬਿਟ੍ਰਿਸ਼ ਕੁਲੰਬੀਆ 2010 ਤੱਕ ਪੋਸਟ-ਸੈਕੰਡਰੀ ਸਿੱਖਿਆ ਦੀਆਂ 25,000 ਨਵੀਆਂ ਅਸਾਮੀਆਂ ਵਧਾਏਗਾ।

ਸੰਤੁਲਤ ਬੱਜਟ 2005 ਪੋਸਟ-ਸੈਕੰਡਰੀ ਸਿੱਖਿਆ ਲਈ 372 ਮਿਲੀਅਨ ਡਾਲਰ ਦੀ ਵਧੀਕ ਫੰਡਿੰਗ ਮੁਹੱਈਆ ਕਰਦਾ ਹੈ ਜਿਸ ’ਚ 2007/08 ਤੱਕ 16,205 ਦੇ ਖਰਚੇ ਚੋਂ ਸੂਬੇ ਦੇ ਬਣਦੇ ਹਿੱਸੇ ਦੀ ਪੂਰੀ ਫੰਡਿੰਗ ਦੇਣੀ ਸ਼ਾਮਲ ਹੈ ਤੇ ਅੰਤਮ ਨਿਸ਼ਾਨਾ 2010 ਤੱਕ 25,000 ਸੀਟਾਂ ਵਧਾਉਣ ਦਾ ਹੈ।

ਸੂਬਾ ਲੋੜਵੰਦ ਵਿਦਿਆਰਥੀਆਂ ਲਈ ਕਰਜ਼ਾ ਘੱਟ ਕਰਨ, ਕਰਜ਼ੇ ’ਚ ਰਾਹਤ ਦੇਣ, ਕਰਜ਼ਾ ਮੁਆਫੀ ਪ੍ਰੋਗਰਾਮ ਅਤੇ ਅਪਾਹਜ ਵਿਦਿਆਰਥੀਆਂ ਨੂੰ ਗਰਾਂਟ ਦੇਣ ਸਮੇਤ ਵਿਦਿਆਰਥੀਆਂ ਦੀ ਵਿੱਤੀ ਸਹਾਇਤਾ ਵਾਸਤੇ 450 ਮਿਲੀਅਨ ਡਾਲਰ ਮੁਹੱਈਆ ਕਰੇਗਾ।

### ਪੜ੍ਹਾਈ ਅਤੇ ਕਲਾਵਾਂ

ਸੰਤੁਲਤ ਬੱਜਟ 2005 ਬਰਾਡਬੈਂਡ ਇੰਟਰਨੈਟ ਐਕਸੈੱਸ, 24 ਘੰਟੇ ਵਾਲਾ ਅਸਲ ਹਵਾਲਾ ਡੈੱਸਕ ਅਤੇ ਬੀ. ਸੀ. ਦੀ ਕਿਸੇ ਵੀ ਲਾਇਬਰੇਰੀ ’ਚ ਕਿਤਾਬਾਂ ਤੱਕ ਪਹੁੰਚ ਪ੍ਰਦਾਨ ਕਰਨ ਲਈ ਇੱਕੋ ਕਾਰਡ ਵਾਲਾ ਪ੍ਰਬੰਧ ਬਣਾਉਣ ਸਮੇਤ ਬੀ. ਸੀ. ਭਰ ’ਚ ਜਨਤਕ ਲਾਇਬਰੇਰੀਆਂ ਨੂੰ ਨਵੇਂ ਪ੍ਰੋਗਰਾਮਾਂ ਤੇ ਉੱਦਮਾਂ ਵਾਸਤੇ 12 ਮਿਲੀਅਨ ਡਾਲਰ ਮੁਹੱਈਆ ਕਰਵਾਉਂਦਾ ਹੈ।


ਇਸ ਤੋਂ ਇਲਾਵਾ ਬੱਜਟ, ਆਰਟ ਐਂਡ ਕਲਚਰ ਇੰਨਡੋਵਮੈਂਟ ਫੰਡ ਲਈ 25 ਮਿਲੀਅਨ ਡਾਲਰ ਮੁਹੱਈਆ ਕਰਵਾਉਂਦਾ ਹੈ ਜਿਹੜਾ ਫੰਡ ਕਲਾ ਤੇ ਸੱਭਿਆਚਾਰ ਸੰਸਥਾਵਾਂ ਲਈ ਇੰਨਡੋਵਮੈਂਟ ਉਸਾਰੀ ਲਈ ਪ੍ਰਾਈਵੇਟ ਸੈਕਟਰ ਤੋਂ ਸਹਾਇਤਾ ਪ੍ਰਾਪਤ ਕਰਨ ਦਾ ਜੁਗਾੜ ਕਰੇਗਾ। ਬੀ ਸੀ ਆਰਟ ਕੌਂਸਲ ਵੀ ਸਲਾਨਾ 3 ਮਿਲੀਅਨ ਡਾਲਰ ਵਧੇਰੇ ਪ੍ਰਾਪਤ ਕਰੇਗੀ।

## ਸੰਤੁਲਤ ਬੱਜਟ 2005: ਕੈਨੇਡਾ ’ਚ ਅਪਾਹਜ, ਵਿਸ਼ੇਸ਼ ਜ਼ਰੂਰਤਾਂ ਵਾਲੇ ਵਿਅਕਤੀਆਂ, ਖਤਰੇ ’ਚ ਪਏ ਬੱਚਿਆਂ ਤੇ ਸੀਨੀਅਰਾਂ ਲਈ ਕੈਨੇਡਾ ਭਰ ’ਚ ਸਭ ਤੋਂ ਵਧੀਆ ਸਿਸਟਮ ਉਸਾਰਨ ਲਈ।

**ਸੰਤੁਲਤ ਬੱਜਟ 2005, ਹੇਠ ਲਿਖੀ ਵਾਧੂ ਫੰਡਿੰਗ ਦੁਆਰਾ ਸਭ ਤੋਂ ਵੱਧ ਜ਼ਰੂਰਤਮੰਦ ਬ੍ਰਿਟਿਸ਼ ਕੁਲੰਬੀਆ ਨਿਵਾਸੀਆਂ ਦੇ ਜੀਵਨ ਪੱਧਰ ਨੂੰ ਸੁਰੱਖਿਅਤ ਰੱਖਦਾ ਤੇ ਸੁਧਾਰਦਾ ਹੈ।**

- ਅਪਾਹਜ ਵਿਅਕਤੀਆਂ ਵਾਸਤੇ ਆਮਦਨ ਸਹਾਇਤਾ 70 ਡਾਲਰ ਪ੍ਰਤੀ ਮਹੀਨਾ ਵਧਾਉਣ ਵਾਸਤੇ 194 ਮਿਲੀਅਨ ਡਾਲਰ ਜਿਹੜਾ ਵਾਧਾ ਬੀ ਸੀ ਦੇ ਇਤਿਹਾਸ ’ਚ ਇੱਕੋ ਸਮੇਂ ਕੀਤਾ ਸਭ ਤੋਂ ਵੱਡਾ ਵਾਧਾ ਹੈ ਤੇ ਜਿਹੜਾ ਪਿਛਲੇ 10 ਸਾਲਾਂ ਦੌਰਾਨ ਪਹਿਲਾ ਜ਼ਿਕਰਯੋਗ ਵਾਧਾ ਹੈ:
- ਬਾਲਗ ਕਮਿਊਨਿਟੀ ਵਸੇਬਾ ਸੇਵਾਵਾਂ ਲਈ 91 ਮਿਲੀਅਨ ਡਾਲਰ;
- ਸੋਸ਼ਲ ਹਾਊਸਿੰਗ ਲਈ 36 ਮਿਲੀਅਨ ਡਾਲਰ;
- ਬੇਘਰਿਆਂ ਲਈ ਐਮਰਜੈਂਸੀ ਸ਼ੈੱਲਟਰ ਅਤੇ ਸਹਾਇਤਾ ਸੇਵਾਵਾਂ ਵਾਸਤੇ 48 ਮਿਲੀਅਨ ਡਾਲਰ;
- ਟ੍ਰਾਂਜ਼ੀਸ਼ਨ ਹੋਮਾਂ, ਆਊਟਰੀਚ ਪ੍ਰੋਗਰਾਮਾਂ, ਘਰੇਲੂ ਹਿੰਸਾ ਤੋਂ ਬਚਕੇ ਨਿਕਲੀਆਂ ਔਰਤਾਂ ਤੇ ਬੱਚਿਆਂ ਲਈ ਸਬੰਧਤ ਸੇਵਾਵਾਂ ਵਾਸਤੇ 37 ਮਿਲੀਅਨ ਡਾਲਰ, ਦਹਾਕੇ ’ਚ ਸਭ ਤੋਂ ਵੱਡਾ ਵਾਧਾ;
- ਕਾਨੂੰਨੀ ਪ੍ਰਬੰਧ ਦੀ ਸਮਰੱਥਾ ਅਨੁਸਾਰ ਨਾਗਰਿਕਾਂ ਦੀਆਂ ਲੋੜਾਂ ਨੂੰ ਪੂਰਿਆਂ ਕਰਨ ਲਈ ਬਣਾਏ ਗਏ ਫੈਮਲੀ ਲਾਅ ਦੇ ਮੁੱਢਲੇ ਉੱਦਮਾਂ ਵਾਸਤੇ 15 ਮਿਲੀਅਨ ਡਾਲਰ;
- ਬੱਚਿਆਂ ਨੂੰ ਉਨ੍ਹਾਂ ਦੇ ਪਰਿਵਾਰਾਂ ਅਤੇ ਕਮਿਊਨਿਟੀਆਂ ਅੰਦਰ ਸੁਰੱਖਿਅਤ ਰੱਖਣ ਲਈ ਰੋਕਥਾਮ ਤੇ ਆਊਟ-ਆਫ-ਕੇਅਰ ਆਪਸ਼ਨਾਂ ਦੀ ਸਹਾਇਤਾ ਵਾਸਤੇ 26 ਮਿਲੀਅਨ ਡਾਲਰ;
- ਬੱਚਿਆਂ ਦੀ ਸੰਭਾਲ ਦੀਆਂ ਸਬਸਿਡੀਆਂ ਵਾਸਤੇ ਵਧੇਰੇ ਪਰਿਵਾਰਾਂ ਨੂੰ ਯੋਗ ਬਣਾਉਣ ਲਈ 5 ਮਿਲੀਅਨ ਡਾਲਰ;
- ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਤੇ ਨੌਜੁਆਨਾਂ ਲਈ ਸੇਵਾਵਾਂ ’ਚ ਵਾਧੇ ਵਾਸਤੇ 134 ਮਿਲੀਅਨ ਡਾਲਰ।

**Persons with Disabilities**
**Monthly Rates Second Highest in Canada**




## ਸੰਤੁਲਤ ਬੱਜਟ 2005: ਸਿਹਤਮੰਦ ਜੀਵਨਜਾਚ ਤੇ ਸਰੀਰਕ ਤੰਦਰੁਸਤੀ ਦੇ ਖੇਤਰ ’ਚ ਉੱਤਰੀ ਅਮਰੀਕਾ ਦੀ ਅਗਵਾਈ ਕਰਨ ਲਈ।


**ਬ੍ਰਿਟਿਸ਼ ਕੁਲੰਬੀਆ ’ਚ ਸਾਡੇ ਜੀਵਨ ਦੀ ਕੁਆਲਿਟੀ ਤੇ ਜੀਵਨਜਾਚ ਲਈ ਸਾਡੇ ਪਰਿਵਾਰਾਂ ਦੀ ਨਿੱਜੀ ਸਿਹਤ ਨਾਲੋਂ ਹੋਰ ਕੁਝ ਵੀ ਵਧੇਰੇ ਮਹੱਤਵਪੂਰਨ ਨਹੀਂ ਅਤੇ ਸੰਤੁਲਤ ਬੱਜਟ 2005 ਬ੍ਰਿਟਿਸ਼ ਕੁਲੰਬੀਆ ਨਿਵਾਸੀਆਂ ਦੇ ਵਧੇਰੇ ਸਿਹਤਮੰਦ ਅਤੇ ਸਰੀਰਕ ਤੌਰ ’ਤੇ ਵਧੇਰੇ ਚੁਸਤ ਹੋਣ ਦੇ ਸਰਕਾਰ ਦੇ ਨਿਸ਼ਾਨਿਆਂ ਦੀ ਸਹਾਇਤਾ ਕਰਦਾ ਹੈ।**

ਸਿਹਤ ਸੰਭਾਲ ਲਈ ਸਲਾਨਾ ਫੰਡਿੰਗ ’ਚ 1.5 ਮਿਲੀਅਨ ਡਾਲਰਾਂ ਦਾ ਵਾਧਾ ਹੋਵੇਗਾ, ਸਰਕਾਰ ਦੇ ਕਿਸੇ ਵੀ ਹੋਰ ਕਾਰਜ ਨਾਲੋਂ ਸਭ ਤੋਂ ਵੱਡਾ ਵਾਧਾ। ਸਿਹਤ ਸੰਭਾਲ ਦੀ ਫੰਡਿੰਗ ’ਚ ਹਰੇਕ ਸਾਲ ਵਾਧਾ ਹੋਇਆ ਤੇ ਨਤੀਜੇ ਵਜੋਂ 2000/01 ਤੋਂ ਲੈ ਕੇ ਸਲਾਨਾ ਫੰਡਿੰਗ ’ਚ 3.8 ਬਿਲੀਅਨ ਡਾਲਰ ਦਾ ਵਾਧਾ ਹੋਇਆ।

ਸੰਤੁਲਤ ਬੱਜਟ 2005: ਹੇਠ ਲਿਖਿਆਂ ਵਾਧਿਆਂ ਦੁਆਰਾ ਅਤਿ-ਗੰਭੀਰ ਸੇਵਾਵਾਂ ਜਿਵੇਂ ਕੈਂਸਰ ਦਾ ਇਲਾਜ, ਦਿਲ ਨਾਲ ਸਬੰਧਤ ਬਿਮਾਰੀਆਂ ਦਾ ਇਲਾਜ, ਜੋੜ ਬਦਲਣ ਅਤੇ ਨਿਗਾਹ ਮੁੜ ਬਹਾਲ ਕਰਨ ਦੀਆਂ ਸੇਵਾਵਾਂ ਤੱਕ ਪਹੁੰਚ ਬਣਾਉਣ ’ਚ ਸੁਧਾਰ ਲਿਆਉਣ ਲਈ ਸਹਾਈ ਹੋਵੇਗਾ:

- ਫਰਮਾਕੇਅਰ ਲਈ ਹੋਰ 465 ਮਿਲੀਅਨ ਡਾਲਰ;
- ਚੂਲ੍ਹਾ ਤੇ ਗੋਡਾ ਬਦਲਣ, ਬਿਮਾਰੀ ਦੀ ਪਛਾਣ ਕਰਨ ਅਤੇ ਹੋਰ ਅਤਿ-ਗੰਭੀਰ ਸੰਭਾਲ ਸੇਵਾਵਾਂ ਤੱਕ ਚੰਗੇਰੀ ਪਹੁੰਚ ਬਣਾਉਣ ਵਾਸਤੇ 200 ਮਿਲੀਅਨ ਡਾਲਰ;
- ਜਨਤਕ ਸਿਹਤ ਤੇ ਨਵੇਂ ਉੱਦਮਾਂ, ਸਮੇਤ ਐਕਟ ਨਾਊ ਬੀ ਸੀ ਜਿਹੜਾ ਸਿਹਤ ਨੂੰ ਵਧਾਉਣ ਅਤੇ ਪ੍ਰਹੇਜ਼ ਰੱਖਣ ਦਾ ਨਵਾਂ ਪ੍ਰੋਗਰਾਮ ਹੈ, ਲਈ 100 ਮਿਲੀਅਨ ਡਾਲਰ;
- ਬੀ ਸੀ ਐਂਬੂਲੈਂਸ ਸਰਵਿਸ ਲਈ 100 ਮਿਲੀਅਨ ਡਾਲਰ;
- ਸਿਹਤ ਖੋਜ ਲਈ 100 ਮਿਲੀਅਨ ਡਾਲਰ;

**$3.8 Billion Increase in Health Spending**




- ਨਰਸਾਂ ਦੀ ਭਰਤੀ, ਟ੍ਰੇਨਿੰਗ ਤੇ ਉਨ੍ਹਾਂ ਨੂੰ ਰੱਖਣ ਲਈ 77 ਮਿਲੀਅਨ ਡਾਲਰ; ਅਤੇ
- ਹੋਮ ਕੇਅਰ, ਰੈਜ਼ੀਡੈਂਸ਼ੀਅਲ ਕੇਅਰ, ਪੈਲੀਏਟਿਵ ਕੇਅਰ, ਮੈਂਟਲ ਹੈਲਥ ਅਤੇ ਅਡਿਕਸ਼ਨ ਸੇਵਾਵਾਂ ਤੱਕ ਪਹੁੰਚ ਵਿਚ ਸੁਧਾਰ ਲਿਆਉਣ ਲਈ 200 ਮਿਲੀਅਨ ਡਾਲਰ।

ਸੰਤੁਲਤ ਬੱਜਟ 2005 ਨਵੇਂ ਜਨਮੇ ਤੇ ਬਾਲਉਮਰ ਦੇ ਬੱਚਿਆਂ ਦੀ ਨਜ਼ਰ, ਦੰਦਾਂ ਦੀ ਤੇ ਸੁਣਨ ਦੀ ਸਕਰੀਨਿੰਗ ਦੇ ਕਾਰਜਾਂ ਵਾਸਤੇ ਵੀ 76 ਮਿਲੀਅਨ ਡਾਲਰ ਦੀ ਵਿਵਸਥਾ ਕਰਦਾ ਹੈ।


ਸਰੀਰਕ ਤੰਦਰੁਸਤੀ ਦੀ ਸਹਾਇਤਾ ਲਈ ਸੰਤੁਲਤ ਬੱਜਟ 2005 ਰਿਜਨਲ ਸਪੋਰਟਸ ਫੈਸਿਲਿਟੀਆਂ ਲਈ 50 ਮਿਲੀਅਨ ਡਾਲਰ ਅਤੇ ਵੱਡੀਆਂ ਪੋਸਟ-ਸੈਕੰਡਰੀ ਸਪੋਰਟਸ ਟ੍ਰੇਨਿੰਗ ਫੈਸਿਲਿਟੀਆਂ ਲਈ 60 ਮਿਲੀਅਨ ਡਾਲਰ ਦੀ ਵਿਵਸਥਾ ਕਰਦਾ ਹੈ।

## ਸੰਤੁਲਤ ਬੱਜਟ 2005: ਕੈਨੇਡਾ ’ਚ ਕਿਸੇ ਵੀ ਹੋਰ ਥਾਂ ਨਾਲੋਂ ਪ੍ਰਤਿ ਵਿਅਕਤੀ ਵਧੇਰੇ ਨੌਕਰੀਆਂ ਪੈਦਾ ਕਰਨ ਲਈ

**ਨੌਕਰੀਆਂ, ਗਾਹਕਾਂ ਦੀ ਖਰਚਸ਼ੀਲਤਾ, ਘਰ ਉਸਾਰੀ ਅਤੇ ਗੈਰ-ਰਿਹਾਇਸ਼ੀ ਉਪਨਿਵੇਸ਼ ’ਚ ਜ਼ਾਹਰ ਹੋਈ ਤਕੜੀ ਘਰੇਲੂ ਮੰਗ ਸਹਿਤ ਬ੍ਰਿਟਿਸ਼ ਕੁਲੰਬੀਆ ਦੀ ਆਰਥਿਕਤਾ ਨੇ 2004 ’ਚ ਪ੍ਰਭਾਵਸ਼ਾਲੀ ਕਾਰਗੁਜ਼ਾਰੀ ਵਿਖਾਈ।**

ਦਸੰਬਰ 2001 ਤੋਂ ਲੈ ਕੇ ਸੂਬੇ ਨੇ 197,500 ਨਵੀਂਆਂ ਨੌਕਰੀਆਂ ਪੈਦਾ ਕੀਤੀਆਂ ਅਤੇ ਨੌਕਰੀ ’ਚ ਵਾਧੇ ਦੀ ਦਰ 10% ਤੋਂ ਵੀ ਵਧੇਰੇ ਰਹੀ ਜਿਹੜੀ ਸਾਰੇ ਸੂਬਿਆਂ ਦਰਮਿਆਨ ਸਭ ਤੋਂ ਵਧੇਰੇ ਸੀ।

**An Economic Leader in Canada**




Source: Statistics Ca ada, CMHC; Data seaso ally adjusted (except exports, housi g starts a d o -reside t buildi g permits); Data to November except Housi g Starts a d buildi g permits (December)

**ਸੰਤੁਲਤ ਬੱਜਟ 2005 ਪੂਰੇ ਬ੍ਰਿਟਿਸ਼ ਕੁਲੰਬੀਆ ’ਚ ਆਰਥਿਕ ਵਿਕਾਸ ਦੇ ਕਾਰਜਾਂ ਲਈ 777 ਮਿਲੀਅਨ ਡਾਲਰ ਦੀ ਵਧੀਕ ਵਿਵਸਥਾ ਵੀ ਕਰਦਾ ਹੈ, ਜਿਸ ’ਚ ਸ਼ਾਮਲ ਹੈ:**

- ਸੂਬੇ ਦੀ ਖੇਤੀਬਾੜੀ ਅਤੇ ਐਕੂਆਕਲਚਰ ਉਦਯੋਗਾਂ ਨੂੰ ਵਧਾਉਣ ਅਤੇ ਫੂਡ ਸੇਫਟੀ ਨੂੰ ਬਣਾਈ ਰੱਖਣ ਦੇ ਪ੍ਰੋਗਰਾਮਾਂ ਲਈ 49 ਮਿਲੀਅਨ ਵਧੀਕ ਡਾਲਰਾਂ ਦੀ ਵਿਵਸਥਾ;
- ਮਾਊਂਟੇਨ ਪਾਈਨ ਬੀਟਲ, ਜੰਗਲੀ ਅੱਗ ਦੇ ਆਰਥਿਕਤਾ ’ਤੇ ਪੈਣ ਵਾਲੇ ਅਸਰਾਂ ਨਾਲ ਨਿਪਟਣ ਅਤੇ ਉਦਯੋਗ ਤੇ ਕਮਿਊਨਿਟੀਆਂ ਲਈ ਵਧੇਰੇ ਮੌਕੇ ਪ੍ਰਦਾਨ ਕਰਨ ਲਈ 266 ਮਿਲੀਅਨ ਵਧੀਕ ਡਾਲਰਾਂ ਦੀ ਵਿਵਸਥਾ;
- ਤੇਲ, ਗੈਸ ਅਤੇ ਖਾਣਾਂ ਦੇ ਖੇਤਰ ’ਚ ਆਰਥਿਕ ਵਿਕਾਸ ਦੇ ਮੌਕੇ ਪੈਦਾ ਕਰਨ ’ਚ ਮਦਦ ਦੇਣ ਲਈ 110 ਮਿਲੀਅਨ ਵਧੀਕ ਡਾਲਰ; ਅਤੇ
- ਬ੍ਰਿਟਿਸ਼ ਕੁਲੰਬੀਆ ਦੇ ਪ੍ਰਫੁਲਤ ਸੈਰ-ਸਪਾਟਾ ਉਦਯੋਗ ‘ਤੇ ਆਧਾਰਿਤ ਹੋਣ ਵਾਲੇ ਆਰਥਿਕ ਵਿਕਾਸ ਦੇ ਮੌਕਿਆਂ ਨੂੰ ਵਧਾਉਣ ਲਈ 81 ਮਿਲੀਅਨ ਵਧੀਕ ਡਾਲਰ।

ਬੱਜਟ 2005 ਛੋਟੇ ਕਾਰੋਬਾਰਾਂ ਦੇ ਕਾਰਪੋਰੇਟ ਟੈਕਸ ਦੀ ਹੱਦ ’ਚ ਸੁਧਾਰ ਕਰਦਾ ਹੈ ਤਾਂ ਕਿ ਵਧੇਰੇ ਕਾਰੋਬਾਰੀ ਆਮਦਨੀ ਛੋਟੇ ਕਾਰੋਬਾਰਾਂ ਲਈ 4.5 ਪ੍ਰਤੀਸ਼ਤ ਦੇ ਨੀਵੇਂ ਟੈਕਸ ਰੇਟ ਲਈ ਯੋਗ ਹੋ ਸਕੇ।

ਬੱਜਟ 2005 ਬੀ.ਸੀ. ਸਕਿੱਲਜ਼ ਕੁਨੈੱਕਟ ਫਾਰ ਇਮੀਗਰੈਂਟਸ, ਜਿਹੜਾ ਕਿ ਨਵੇਂ ਬ੍ਰਿਟਿਸ਼ ਕੁਲੰਬੀਆ ਨਿਵਾਸੀਆਂ ਨੂੰ ਉਨ੍ਹਾਂ ਦੀ ਮੁਹਾਰਤ ਵਾਲੇ ਖੇਤਰਾਂ ’ਚ ਕੰਮ ਲੱਭਣ ਲਈ ਸਹਾਇਤਾ ਕਰਨ ਦਾ ਨਵਾਂ ਪ੍ਰੋਗਰਾਮ ਹੈ, ਲਈ 14 ਮਿਲੀਅਨ ਡਾਲਰਾਂ ਦੀ ਵਿਵਸਥਾ ਵੀ ਕਰਦਾ ਹੈ।

# ਮਜ਼ਬੂਤ ਵਿੱਤੀ ਬੰਦੋਬਸਤ ਅਤੇ ਨਿਭਣਯੋਗ ਭਵਿੱਖ


## ਮਜ਼ਬੂਤ ਵਿੱਤੀ ਬੰਦੋਬਸਤ ਅਤੇ ਨਿਭਣਯੋਗ ਭਵਿੱਖ

### ਲੱਗਪਗ ਰਿਕਾਰਡ ਵਾਧੂ ਪੈਸਾ ਅਤੇ ਸੰਤੁਲਤ ਬੱਜਟ

2004/05 ਦੇ ਵਿੱਤੀ ਵਰ੍ਹੇ ਲਈ ਸੋਧਿਆ ਹੋਇਆ ਵਾਧੂ ਪੈਸੇ ਦਾ ਅਨੁਮਾਨ 1.4 ਬਿਲੀਅਨ ਡਾਲਰ ਹੈ, ਜਿਸ ’ਚ 300 ਮਿਲੀਅਨ ਡਾਲਰ ਦਾ ਅਨੁਮਾਨਤ ਅਲਾਊਂਸ ਹੈ ਜਿਸਦਾ ਨਤੀਜਾ, ਜੇ ਜ਼ਰੂਰਤ ਨਾ ਪਵੇ ਤਾਂ ਵਾਧੂ ਪੈਸੇ ਦਾ ਰਿਕਾਰਡ ਹੋਵੇਗਾ।

ਸੰਤੁਲਤ ਬੱਜਟ 2005, ਸਾਲ 2005/06 ’ਚ 220 ਮਿਲੀਅਨ ਡਾਲਰ ਵਾਧੂ ਪੈਸੇ ਅਤੇ ਫਿਰ 2006/07 ਅਤੇ 2007/08 ਦੇ ਸਾਲਾਂ ਲਈ ਹਰੇਕ ਸਾਲ 200 ਮਿਲੀਅਨ ਡਾਲਰ ਵਾਧੂ ਪੈਸੇ ਦਾ ਅਨੁਮਾਨ ਲਗਾਉਂਦਾ ਹੈ। ਅਨੁਮਾਨਤ ਅਲਾਊਂਸ ਅਤੇ ਅਚਨਚੇਤ ਖਰਚਿਆਂ ਲਈ ਰੱਖੇ ਪੈਸੇ ਸੰਤੁਲਤ ਬੱਜਟ ਦੇ ਅਨੁਮਾਨਾਂ ਨੂੰ ਅਣਕਿਆਸੇ ਖਰਚਿਆਂ ਤੇ ਮਾਲੀ ਖਤਰਿਆਂ ਤੋਂ ਬਚਾਈ ਰੱਖਣਗੇ।

Near Record Surplus and Balanced Budgets





### ਕਰਜ਼ੇ ਦਾ 1.7 ਬਿਲੀਅਨ ਡਾਲਰ ਦਾ ਰਿਕਾਰਡ ਭੁਗਤਾਨ

2004/05 ਦੇ ਅੰਤ ਤੱਕ ਸੂਬਾਈ ਕਰਜ਼ੇ ਦਾ ਅਨੁਮਾਨ 36.1 ਬਿਲੀਅਨ ਡਾਲਟ ਘੱਟ ਹੈ ਅਤੇ ਬੀ ਸੀ ਦੇ ਇਤਿਹਾਸ ’ਚ ਇਹ ਕਰਜ਼ਾ ਘਟਾਉਣ ਦਾ ਸਭ ਤੋਂ ਵੱਡਾ ਵਾਕਿਆ ਹੈ।

ਸੰਤੁਲਤ ਬੱਜਟ 2005 ’ਚ ਮੰਤਰਾਲਿਆਂ ਤੇ ਟੈਕਸਪੇਅਰ-ਸਹਾਇਤਾ ਸ਼ੁਦਾ ਏਜੰਸੀਆਂ ਲਈ ਇਕ ਵੱਡੀ ਯੋਜਨਾ ਸ਼ਾਮਲ ਹੈ ਜਿਹੜੀ ਆਪਣੇ ਮੁੱਲ ’ਚ ਪਿਛਲੇ ਸਾਲ ਦੀ ਯੋਜਨਾ ਨਾਲੋਂ ਵੱਡੇ ਰੂਪ ’ਚ ਉਪਰ ਹੈ। ਇਸ ’ਚ 2005/06 ਲਈ 1 ਬਿਲੀਅਨ ਡਾਲਰ ਦੀ ਵਾਧੂ ਰਕਮ ਅਤੇ 2006/07 ਲਈ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ, ਸਿਹਤ ਸੰਸਥਾਵਾਂ ਤੇ ਢੋਅ-ਢੁਆਈ ਦੀ ਇੰਨਫ੍ਰਾਸਟ੍ਰੱਕਚਰ ਦੀ ਯੋਜਨਾਮਈ ਤੇ ਨਵੀਂ ਉਸਾਰੀ ਲਈ 900 ਮਿਲੀਅਨ ਡਾਲਰ ਦੀ ਰਕਮ ਸ਼ਾਮਲ ਹੈ।


Debt Forecast Improves




### ਬ੍ਰਿਟ੍ਰਿਸ਼ ਕੁਲੰਬੀਆ ਨਿਵਾਸੀਆਂ ਲਈ ਵਧੇਰੇ ਸੇਵਾਵਾਂ

ਸੰਤੁਲਤ ਬੱਜਟ 2005 ਆਉਣ ਵਾਲੇ ਤਿੰਨ ਸਾਲਾਂ ਦੌਰਾਨ ਸਿਹਤ ਸੰਭਾਲ, ਕਮਿਊਨਿਟੀ, ਬੱਚਿਆਂ, ਸਿੱਖਿਆ, ਜਨਤਕ ਸੁਰੱਖਿਆ, ਆਰਥਿਕ ਵਿਕਾਸ ਅਤੇ ਵਾਤਾਵਰਣ ਮੰਤਰਾਲਿਆਂ ਲਈ ਵਧੇਰੇ ਫੰਡਿੰਗ ਵਾਸਤੇ 6.5 ਬਿਲੀਅਨ ਦੀਆਂ ਚਾਲੂ ਸੇਵਾ ਪ੍ਰਥਮਤਾਵਾਂ ਨੂੰ ਪ੍ਰਤਿਬਿੰਬਤ ਕਰਦਿਆਂ ਨਵੀਂ ਫੰਡਿੰਗ ਦਾ 71 ਪ੍ਰਤੀਸ਼ਤ ਸਿਹਤ ਸੰਭਾਲ ਅਤੇ ਸਿੱਖਿਆ ’ਚ ਲਗਾਇਆ ਜਾ ਰਿਹਾ ਹੈ।

More Ser ices for British Columbians




*Budget 2004 base, prior to $148 million federal trust funding

## ਰਹਿਣ ਕੰਮ ਕਰਨ ਤੇ ਪਰਿਵਾਰ ਪਾਲਣ ਲਈ, ਧਰਤੀ ਉਪਰ ਸਭ ਤੋਂ ਵਧੀਆ ਜਗ੍ਹਾ

**ਸੰਤੁਲਤ ਬੱਜਟ 2005 ਘੱਟ ਅਤੇ ਮੱਧਮ ਆਮਦਨੀ ਵਾਲੇ ਬਿਟ੍ਰਿਸ਼ ਕੁਲੰਬੀਆ ਨਿਵਾਸੀਆਂ ਲਈ ਟੈਕਸ ਕਟੌਤੀਆਂ, ਘਰਾਂ ਦੀ ਮਾਲਕੀ ਸੌਖੀ ਬਣਾਈ ਰੱਖਣ ਲਈ ਉਪਾਵਾਂ ਅਤੇ ਸਾਰੇ ਪਰਿਵਾਰਾਂ ਨੂੰ ਸੁਰੱਖਿਅਤ ਤੇ ਸਥਾਨਕ ਕਮਿਊਨਿਟੀਆਂ ਨੂੰ ਮਜ਼ਬੂਤ ਕਰਨ ਲਈ ਫੰਡਿੰਗ ’ਚ ਵਾਧੇ ਦਾ ਹਮਾਇਤੀ ਹੈ।**

2001 ’ਚ ਸਰਕਾਰ ਨੇ ਬੀ. ਸੀ. ਦੇ ਪਰਿਵਾਰਾਂ ਵਾਸਤੇ ਇਨਕਮ ਟੈਕਸ ’ਚ ਔਸਤਨ 25 ਪ੍ਰਤੀਸ਼ਤ ਦੀ, ਅਤੇ 30,000 ਡਾਲਰ ਤੋਂ ਘੱਟ ਸਾਲਾਨਾ ਆਮਦਨੀ ਵਾਲਿਆਂ ਲਈ 28% ਦੀ ਕਟੌਤੀ ਕੀਤੀ। ਮਜ਼ਬੂਤ ਆਰਥਿਕਤਾ ਦੁਆਰਾ ਪੈਦਾ ਹੋਈ ਵਧੇਰੀ ਆਮਦਨੀ ਨਾਲ ਸੂਬਾ ਹੋਰ ਵਧੇਰੇ ਟੈਕਸ ਕਟੌਤੀਆਂ ਕਰਨ ਦੀ ਸਥਿਤੀ ’ਚ ਹੈ।

### ਬੀ ਸੀ ਟੈਕਸ ਕਟੌਤੀ

ਇਸ ਸਾਲ ਤੋਂ ਲਾਗੂ ਹੋਣ ਵਾਲਾ ਇਕ ਨਵਾਂ ਨਾ-ਮੋੜਨਯੋਗ ਨਿੱਜੀ ਇਨਕਮ ਟੈਕਸ ਕਰੈਡਿਟ, ਬੀ ਸੀ ਟੈਕਸ ਰਿਡਕਸ਼ਨ, ਤਕਰੀਬਨ 730,000 ਬ੍ਰਿਟਿਸ਼ ਕੁਲੰਬੀਆ ਨਿਵਾਸੀਆਂ ਲਈ ਸੂਬਾਈ ਇਨਕਮ ਟੈਕਸ ਘਟਾਏਗਾ ਜਾਂ ਖਤਮ ਕਰ ਦੇਵੇਗਾ। ਬਹੁਤੇ ਵਿਅਕਤੀ ਜਿਹੜੇ 16,000 ਡਾਲਰ ਤੱਕ ਕਮਾਉਂਦੇ ਹਨ ਉਹ ਕੋਈ ਸੂਬਾਈ ਇਨਕਮ ਟੈਕਸ ਨਹੀਂ ਦੇਣਗੇ ਅਤੇ 26,000 ਡਾਲਰ ਸਾਲਾਨਾ ਤੱਕ ਕਮਾਉਣ ਵਾਲੇ ਘੱਟ ਇਨਕਮ ਟੈਕਸ ਅਦਾ ਕਰਨਗੇ।

### ਸੁਧਰਿਆ ਐਮ ਐਸ ਪੀ ਪ੍ਰੀਮੀਅਮ ਅਸਿਸਟੈਂਸ ਪ੍ਰੋਗਰਾਮ

ਮੈਡੀਕਲ ਸਰਵਿਸ ਪ੍ਰੀਮੀਅਮ ਅਸਿਸਟੈਂਸ ਪ੍ਰੋਗਰਾਮ ਵਾਸਤੇ ਯੋਗ ਹੋਣ ਵਾਲੀ ਆਮਦਨੀ ਦੀ ਹੱਦ ’ਚ 4,000 ਡਾਲਰ ਦਾ ਵਾਧਾ 215,000 ਲੋਕਾਂ ਲਈ ਪ੍ਰੀਮੀਅਮ ਘਟਾਏਗਾ ਜਾਂ ਉਸਨੂੰ ਖਤਮ ਕਰੇਗਾ। ਇਸਦਾ ਮਤਲਬ ਹੈ:

ਇਕੱਲੇ ਵਿਅਕਤੀ ਜਿਨ੍ਹਾਂ ਦੀ ਸ਼ੁੱਧ ਆਮਦਨ 20,000 ਡਾਲਰ ਜਾਂ ਇਸ ਤੋਂ ਘੱਟ ਹੈ, ਕੋਈ ਪ੍ਰੀਮੀਅਮ ਨਹੀਂ ਦੇਣਗੇ ਅਤੇ ਜਿਹੜੇ 28,000 ਡਾਲਰ ਤੱਕ ਕਮਾਉਂਦੇ ਹਨ, ਘੱਟ ਪ੍ਰੀਮੀਅਮ ਅਦਾ ਕਰਨਗੇ।

ਸੀਨੀਅਰ ਜੋੜੇ ਅਤੇ ਚਾਰ ਜਣਿਆਂ ਦਾ ਪਰਿਵਾਰ ਜਿਨ੍ਹਾਂ ਦੀ ਸ਼ੁੱਧ ਆਮਦਨੀ 29,000 ਡਾਲਰ ਜਾਂ ਇਸ ਤੋਂ ਘੱਟ ਹੋਵੇਗੀ, ਕੋਈ ਪ੍ਰੀਮੀਅਮ ਨਹੀਂ ਦੇਣਗੇ ਅਤੇ ਉਹ ਜਿਨ੍ਹਾਂ ਦੀ ਸ਼ੁੱਧ ਆਮਦਨੀ 37,000 ਡਾਲਰ ਤੱਕ ਹੋਵੇਗੀ, ਘੱਟ ਪ੍ਰੀਮੀਅਮ ਅਦਾ ਕਰਨਗੇ।


ਅਗਲੇ ਤਿੰਨ ਸਾਲਾਂ ਦੌਰਾਨ ਬੀ ਸੀ ਟੈਕਸ ਰਿਡਕਸ਼ਨ ਅਤੇ ਵਿਕਸਤ ਐਮ ਐਸ ਪੀ ਪ੍ਰੀਮੀਅਮ ਅਸਿਸਟੈਂਸ ਪ੍ਰੋਗਰਾਮ ਘੱਟ ਅਤੇ ਮੱਧਮ ਆਮਦਨੀ ਵਾਲੇ ਪਰਿਵਾਰਾਂ, ਸੀਨੀਅਰਾਂ ਤੇ ਹੋਰ ਵਿਅਕਤੀਆਂ ਲਈ 480 ਮਿਲੀਅਨ ਡਾਲਰ ਦੀਆਂ ਟੈਕਸ ਕਟੌਤੀਆਂ ਪ੍ਰਦਾਨ ਕਰਨਗੇ।

### ਟੈਕਸ ਬੱਚਤ ਦੀਆਂ ਉਦਾਹਰਨਾਂ

30,000 ਡਾਲਰ ਦੀ ਆਮਦਨ ਵਾਲਾ ਇਕ ਸੀਨੀਅਰ ਜੋੜਾ ਕੁੱਲ ਸੂਬਾਈ ਟੈਕਸ ’ਚ ਹੁਣ 2001 ਨਾਲੋਂ ਲਗਪਗ 930 ਡਾਲਰ ਘੱਟ ਅਦਾ ਕਰੇਗਾ।


30,000 ਡਾਲਰ ਦੀ ਆਮਦਨੀ ਵਾਲਾ ਚਾਰ ਜਣਿਆਂ ਦਾ ਪਰਿਵਾਰ ਕੁਲ ਸੂਬਾਈ ਟੈਕਸ ’ਚ ਹੁਣ 2001 ਨਾਲੋਂ ਲੱਗਪਗ 1,300 ਡਾਲਰ ਘੱਟ ਅਦਾ ਕਰੇਗਾ।

Change in Taxes, 2001 versus 2005




Taxes for 2001 are calculated based on rates in effect prior to June 2001; taxes for 2005 are calculated based on rates announced in Budget 2005. Includes provincial personal income tax, MSP premiums and estimated provincial and municipal property taxes.

Lowest income taxes at low income levels




Calculated for a single ta payer with wage income of $20,000, no deductions and claiming the basic personal credit and credits for CPP contributions and EI premiums only.

# ਬ੍ਰਿਟ੍ਰਿਸ਼ ਕੁਲੰਬੀਆ ਇਕ ਸੁਨਹਿਰੀ ਦਹਾਕੇ ਵੱਲ

## ਰਹਿਣ, ਕੰਮ ਕਰਨ ਅਤੇ ਪਰਿਵਾਰ ਪਾਲਣ ਲਈ, ਧਰਤੀ ਉਪਰ ਸਭ ਤੋਂ ਵਧੀਆ ਜਗ੍ਹਾ

### ਹੋਰ ਟੈਕਸ ਕਟੌਤੀਆਂ

ਸੰਤੁਲਤ ਬੱਜਟ 2005 ਹੋਰ ਟੈਕਸ ਕਟੌਤੀਆਂ 'ਚ ਵੀ ਮਦਦਗਾਰ ਹੈ ਜਿੰਨਾਂ 'ਚ ਹਨ:

- ਫਸਟ-ਟਾਈਮ ਹੋਮ ਬਾਇਰਜ਼ ਪ੍ਰੋਗਰਾਮ 'ਚ ਸੁਧਾਰ, ਜਿਹੜਾ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਯੋਗ ਰਿਹਾਇਸ਼ੀ ਪ੍ਰਾਪਰਟੀਆਂ 'ਤੇ ਪ੍ਰਾਪਰਟੀ ਟ੍ਰਾਂਸਫਰ ਟੈਕਸ 'ਚ ਛੋਟ ਦਿੰਦਾ ਹੈ;
- ਵਾਹਨਾਂ 'ਤੇ ਸਰਟੈਕਸ ਦੀ ਹੱਦ 'ਚ 2000 ਡਾਲਰ ਦਾ ਵਾਧਾ ਤਾਂ ਕਿ ਇਹ ਯਕੀਨੀ ਰਹੇ ਕਿ ਵਾਹਨ ਸਰਟੈਕਸ, ਸਵਾਰੀਆਂ ਵਾਲੇ ਵਾਹਨਾਂ, ਜਿੰਨ੍ਹਾਂ ਦੀ ਕੀਮਤ 49,000 ਡਾਲਰ ਤੋਂ ਘੱਟ ਹੋਵੇ ਉਨ੍ਹਾਂ ਉਪਰ ਲਾਗੂ ਨਾ ਹੋਵੇ;
- ਪਹਿਲਾਂ ਐਲਾਨੇ ਗਏ ਹੋਰ ਉਪਾਅ ਜਿਵੇਂ ਕਿ ਪੀ ਐਸ ਟੀ ਦੀ ਦਰ 7.5% ਤੋਂ ਘਟਾ ਕੇ 7 ਪ੍ਰਤਿਸ਼ਤ ਕਰਨਾ, ਫਿਲਮ ਅਤੇ ਟੈਲੀਵਿਜਨ ਟੈਕਸ ਕ੍ਰੈਡਿਟਾਂ 'ਚ ਵਾਧਾ ਅਤੇ ਹੋਮ ਓਨਰਜ਼ ਗਰਾਂਟ ਪ੍ਰੋਗਰਾਮ ਦੀ ਹੱਦ ਅਤੇ ਫੇਜ਼-ਆਊਟ ਰੇਟ 'ਚ ਸੁਧਾਰ

### ਬੀ ਸੀ ਦੀ ਕ੍ਰੈਡਿਟ ਰੇਟਿੰਗ 'ਚ ਸੁਧਾਰ

ਨਵੰਬਰ 2004 'ਚ ਸਟੈਂਡਰਡ ਐਂਡ ਪੂਅਰ ਨੇ ਬੀ ਸੀ ਦੀ ਕ੍ਰੈਡਿਟ ਰੇਟਿੰਗ ਨੂੰ ਏ ਏ ਮਨਫੀ ਤੋਂ ਚੁੱਕ ਕੇ ਏ ਏ ਕਰ ਦਿੱਤਾ।

ਸਟੈਂਡਰਡ ਐਂਡ ਪੂਅਰ ਨੇ ਬੀ ਸੀ ਦਾ ਹੇਠ ਲਿਖਿਆਂ ਲਈ ਇਹ ਰਿਕਾਰਡ ਵੇਖਿਆ;

- ਬੱਜਟ ਦੇ ਨਿਸ਼ਾਨਿਆਂ ਦੀ ਲਗਾਤਾਰ ਪੂਰਤੀ;
- ਠੋਸ ਆਰਥਿਕ ਕਾਰਜਗੁਜ਼ਾਰੀ;
- ਫਿਸਕਲ ਪਾਰਦਰਸ਼ਤਾ 'ਚ ਵਾਧਾ; ਅਤੇ
- ਜੀ ਡੀ ਪੀ ਅਨੁਪਾਤਾਂ ਤੋਂ ਘੱਟ ਕਰਜ਼ਾ।

### ਕਮਿਊਨਿਟੀ ਇਨਫ੍ਰਾਸਟ੍ਰੱਕਚਰ ਅਤੇ ਸੁਰੱਖਿਆ

ਸੰਤੁਲਤ ਬੱਜਟ 2005 ਕਮਿਊਨਿਟੀ ਇਨਫ੍ਰਾਸਟ੍ਰੱਕਚਰ ਅਤੇ ਸੁਰੱਖਿਆ ਲਈ ਵਧੇਰੇ ਫੰਡਿੰਗ ਪ੍ਰਦਾਨ ਕਰਦਾ ਹੈ, ਜਿਸ 'ਚ ਹੈ:

- ਬੀ ਸੀ ਭਰ 'ਚ ਮਿਊਂਸਿਪਲ ਅਤੇ ਖੇਤਰੀ ਇਨਫ੍ਰਾਸਟ੍ਰੱਕਚਰ ਲਈ 207 ਮਿਲੀਅਨ ਡਾਲਰ;
- ਕਮਿਊਨਿਟੀ ਨੂੰ ਵਧੇਰੇ ਸੁਰੱਖਿਅਤ ਬਣਾਉਣ ਲਈ ਕਮਿਊਨਿਟੀ ਪੁਲਿਸ, ਜ਼ੁਰਮ ਰੋਕਣ ਅਤੇ ਹੋਰ ਕਾਰਜਾਂ ਲਈ ਟ੍ਰੈਫਿਕ ਜੁਰਮਾਨਿਆਂ ਦੀ ਰਕਮ 'ਚੋਂ 70 ਮਿਊਂਸਪੈਲਿਟੀਆਂ ਨੂੰ 95 ਮਿਲੀਅਨ ਡਾਲਰ ਵਾਪਸ ਮੁੜਨਗੇ; ਅਤੇ
- ਬੀ ਸੀ ਭਰ 'ਚ 215 ਆਰ ਸੀ ਐਮ ਪੀ ਅਫਸਰਾਂ ਦਾ ਵਾਧਾ ਕਰਨ ਲਈ 122 ਮਿਲੀਅਨ ਡਾਲਰ ਅਤੇ ਸੂਬਾਈ ਅਦਾਲਤਾਂ ਤੇ ਜੇਲ੍ਹਾਂ ਨੂੰ ਸਹਾਇਤਾ 'ਚ ਵਾਧਾ।

ਸੰਤੁਲਤ ਬੱਜਟ 2005 ਦੁਆਰਾ 2007-08 ਤੱਕ ਸੂਬੇ ਨੇ 2010 ਦੀਆਂ ਉਲਿੰਪਕ ਤੇ ਪੈਰਾ ਉਲਿੰਪਕ ਖੇਡਾਂ ਲਈ ਕੀਤੀ 600 ਮਿਲੀਅਨ ਡਾਲਰ ਦੀ ਆਪਣੀ ਪ੍ਰਤਿਬਧਤਾ 'ਚੋਂ 328 ਮਿਲੀਅਨ ਡਾਲਰ ਦੇ ਦਿੱਤੇ ਹੋਣਗੇ।

BRITISH COLUMBIA
Ministry of Finance